ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 23 ਜੂਨ, 2010 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ
3. ਡਾ. ਏ.ਕੇ. ਠੁਕਰਾਲ,
   ਡੀਨ, ਲਾਈਫ ਸਾਇੰਸਜ਼ ਫੈਕਲਟੀ
4. ਡਾ. ਐਸ.ਐਸ. ਸੇਖੋਂ,
   ਡੀਨ, ਅਪਲਾਈਡ ਸਾਇੰਸਜ਼ ਫੈਕਲਟੀ
5. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜ਼ੀ ਵਿਭਾਗ
6. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
7. ਡਾ. (ਮਿਸਿਜ਼) ਸੁਰੂਚੀ ਰਿਸ਼ੀ,
   ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਕਪੂਰਥਲਾ
8. ਡਾ. ਆਤਮਜੀਤ ਸਿੰਘ,
   ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿਲ ਮੈਮੋਰੀਅਲ ਕਾਲਜ, ਮੁਕੰਦਪੁਰ
9. ਡਾ. ਦਿਨੇਸ਼ ਸ਼ਰਮਾ,
   ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
10. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 24.5.2010 ਦੀ ਕਾਰਵਾਈ ਦੀ ਸੋਧ/ਵਾਧੇ ਸਹਿਤ ਪੁਸ਼ਟੀ ।

1. ਮਿਤੀ 24.5.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ।

ਪਾਸ ਹੋਇਆ ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 24.5.2010 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 30,41, 45 ਅਤੇ 49 ਵਿਚ ਹੇਠ ਲਿਖੀ ਸੋਧ/ਵਾਧੇ ਸਹਿਤ ਕੀਤੀ ਜਾਂਦੀ ਹੈ:-

ਪੈਰਾ 30

ਮਤੇ ਦੀ ਅੰਤਿਕਾ II ਵਿਚ ਸ਼ਬਦ 'ਹਾਊਸ ਰੈਂਟ' ਦੀ ਥਾਂ 'ਲਾਈਸੈਂਸ ਫੀਸ' ਪੜਿਆ ਜਾਵੇ।

ਪੈਰਾ 41

ਹੇਠ ਲਿਖੇ ਅਨੁਸਾਰ ਮਤਾ delete ਸਮਝਿਆ ਜਾਵੇ:-

> "ਇਹ ਵੀ ਪਾਸ ਹੋਇਆ ਕਿ ਪੀ.ਐਚ.ਡੀ. ਦੇ ਅਜਿਹੇ ਉਮੀਦਵਾਰ ਜਿਨ੍ਹਾਂ ਦਾ ਵਾਈਵਾ ਮਿਤੀ 23.5.2010 ਤੱਕ ਹੋ ਚੁੱਕਾ ਹੈ ਅਤੇ ਉਹ ਅਧਿਆਦੇਸ਼ਾਂ ਅਨੁਸਾਰ ਪੀ.ਐਚ.ਡੀ. ਡਿਗਰੀ ਦੇ ਯੋਗ ਹਨ, ਨੂੰ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।ñ

ਪੈਰਾ 45

ਨਿਰਣਾ ਹੇਠ ਲਿਖੇ ਅਨੁਸਾਰ ਸੋਧਿਆ ਜਾਵੇ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| ਪਾਸ ਹੋਇਆ ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਲ.ਐਲ.ਬੀ. (ਪੰਜ ਸਾਲਾ ਕੋਰਸ) ਦੇ ਵਿਦਿਆਰਥੀ- ਸ੍ਰੀ ਵਿਕਰੰਤਜੀਤ ਸਿੰਘ, ਜੋ ਦਸਵੇਂ ਸਮੈਸਟਰ ਵਿਚੋਂ ਪਾਸ ਹੈ, ਨੂੰ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਸਪੈਸ਼ਲ ਫੀਸ ਸਹਿਤ ਮਈ 2010 ਵਿਚ ਨੋਵੇਂ ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਹੈ। | ਪਾਸ ਹੋਇਆ ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਲ.ਐਲ.ਬੀ. (ਪੰਜ ਸਾਲਾ ਕੋਰਸ) ਦੇ ਵਿਦਿਆਰਥੀ- ਸ੍ਰੀ ਵਿਕਰੰਤਜੀਤ ਸਿੰਘ, ਅਤੇ ਇਸ ਤਰ੍ਹਾਂ ਦੇ ਹੋਰ ਕੇਸਾਂ ਵਿਚ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਸਪੈਸ਼ਲ ਫੀਸ ਸਹਿਤ ਮਈ 2010 ਵਿਚ ਰੀ-ਅਪੀਅਰ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦਿੱਤਾ ਹੈ। |

ਪੈਰਾ 49

ਨਿਰਣੇ ਵਿਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਜਾਵੇ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ +2 ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ 2010-11 ਲਈ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਚ ਚੱਲ ਰਹੇ ਸਾਰੇ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਇਸ ਸ਼ਰਤ 'ਤੇ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਕੰਪਾਰਟਮੈਂਟ ਵਿਸ਼ੇ ਦੀ ਪ੍ਰੀਖਿਆ ਦਸੰਬਰ, 2010 ਤੱਕ ਕਲੀਅਰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ। | **ਪਾਸ ਹੋਇਆ** ਕਿ +2 ਦੀ ਪ੍ਰੀਖਿਆ ਵਿਚੋਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸੈਸ਼ਨ 2010-11 ਲਈ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਚ ਚੱਲ ਰਹੇ ਸਾਰੇ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਵਿਚ ਦਾਖਲਾ ਇਸ ਸ਼ਰਤ 'ਤੇ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਕੰਪਾਰਟਮੈਂਟ ਵਿਸ਼ੇ ਦੀ ਪ੍ਰੀਖਿਆ ਦਸੰਬਰ, 2010 ਤੱਕ ਕਲੀਅਰ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।<br><br>ਇਹ ਵੀ **ਪਾਸ ਹੋਇਆ** ਕਿ +2 ਦੀ ਪ੍ਰੀਖਿਆ ਵਿਚ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਅਪ੍ਰੈਲ 2011 ਵਿਚ ਬੀ.ਏ. ਭਾਗ ਪਹਿਲਾ ਦੀ ਪ੍ਰਾਈਵੇਟ ਤੌਰ ਤੇ ਪ੍ਰੀਖਿਆ ਦੇਣ ਦੀ ਆਗਿਆ ਦਿੱਤੀ ਜਾਂਦੀ ਹੈ, ਪ੍ਰੰਤੂ ਉਨ੍ਹਾਂ ਨੂੰ ਰੋਲ ਨੰਬਰ ਤਾਂ ਹੀ ਜਾਰੀ ਕੀਤਾ ਜਾਵੇਗਾ ਜੇਕਰ ਉਹ ਦਸੰਬਰ 2010 ਤੱਕ ਆਪਣੀ ਕੰਪਾਰਟਮੈਂਟ ਕਲੀਅਰ ਕਰਨਗੇ। |

ਸਿੰਡੀਕੇਟ ਦੀ ਇਕੱਤਰਤਾ ਮਿਤੀ 24.5.2010 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 24.5.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ ਦੀ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

3. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2010 ਤੋਂ ਛੇ ਮਹੀਨੇ ਲਈ , ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.7.2010 ਤੋਂ ਛੇ ਮਹੀਨੇ ਲਈ ਜਾਂ ਪ੍ਰਿੰਸੀਪਲ ਦੀ ਅਸਾਮੀ ਬਕਾਇਦਾ ਭਰੇ ਜਾਣ ਤਕ ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

ਸਬੰਧਤ ਵਿਅਕਤੀਆਂ ਦੀ ਨਿਯੁਕਤੀ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ) ਨੂੰ 5000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਮਿਤੀ 15.6.2010 ਤੋਂ 14.12.2010 ਤੱਕ, ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮੁੜ ਨਿਯੁਕਤ ਕੀਤਾ ਹੈ। ਉਸ ਦੀ ਮੁੜ ਨਿਯੁਕਤੀ ਡਿਊਟੀ ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਮੀਤ ਪਾਲ ਸਿੰਘ (ਸੇਵਾ ਮੁਕਤ) ਫੀਲਡ ਸੁਪਰਵਾਈਜ਼ਰ, ਯੁਵਕ ਭਲਾਈ ਵਿਭਾਗ ਨੂੰ ਕੰਟ੍ਰੈਕਟ ਅਧਾਰ ਤੇ ਨਿਯਮਾਂ ਅਨੁਸਾਰ ਬਣਦੀ 9982/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਮਿਤੀ 1.7.2010 ਤੋਂ 31.12.2010 ਤੱਕ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਫੀਲ਼ਡ ਸੁਪਰਵਾਈਜ਼ਰ ਵਜੋਂ ਮੁੜ ਨਿਯੁਕਤ ਕੀਤਾ ਹੈ। ਉਸ ਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਰਿਸਰਚ ਸਕਾਲਰਾਂ ਦੀ ਐਲੋਕੇਸ਼ਨ ਸਬੰਧੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਨੂੰ ਰਿਸਰਚ ਸਕਾਲਰਾਂ ਦੀ ਐਲੋਕੇਸ਼ਨ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਹੈ।

**Credit Based Continuous Evaluation Grading System/ Credit Based Evaluation System** ਅਧੀਨ ਵੱਖ-ਵੱਖ ਕੋਰਸਾਂ ਦੇ ਅਧਿਆਦੇਸ਼ਾਂ ਦੀ ਪਰਵਾਨਗੀ।

6. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ -

(ੳ) ਸਬੰਧਤ ਪਾਠ ਸਿਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ ਦਿੱਤੇ ਸੁਝਾਅ ਅਨੁਸਾਰ Credit Based Continuous Evaluation Grading System ਅਨੁਸਾਰ ਸਮੈਸਟਰ ਪ੍ਰਣਾਲੀ ਅਧੀਨ ਐਮ.ਐਸ.ਸੀ.(ਆਨਰਜ਼) ਗਣਿਤ ਦੇ ਅਧਿਆਦੇਸ਼ ਸੈਸ਼ਨ 2010-11 ਤੋਂ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਣ।

(ਅ) ਸਬੰਧਤ ਬੋਰਡ ਆਫ ਕੰਟਰੋਲ ਅਤੇ ਡੀਨ, ਫੈਕਲਟੀ ਵਲੋਂ Credit Based Evaluation System ਅਧੀਨ ਸੈਸ਼ਨ 2010-11 ਤੋਂ ਸੁਝਾਏ B.Tech.(ECE), B.Tech.(ECS) ਅਤੇ M.Tech. (Communication System) ਦੇ ਅਧਿਆਦੇਸ਼ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਜਾਣ।

(ੲ) ਸਬੰਧਤ ਬੋਰਡ ਆਫ ਕੰਟਰੋਲ ਅਤੇ ਡੀਨ, ਫੈਕਲਟੀ ਵਲੋਂ Credit Based Evaluation System ਅਧੀਨ ਸੈਸ਼ਨ 2010-11 ਤੋਂ ਸੁਝਾਏ M.Pharmacy ਅਤੇ B.Pharmacy ਦੇ ਅਧਿਆਦੇਸ਼ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੇ ਜਾਣ।

ਪਾਸ ਹੋਇਆ ਕਿ -

(ੳ) Credit Based Continuous Evaluation Grading System ਅਨੁਸਾਰ ਸਮੈਸਟਰ ਪ੍ਰਣਾਲੀ ਅਧੀਨ ਐਮ.ਐਸ.ਸੀ.(ਆਨਰਜ਼) ਗਣਿਤ ਦੇ ਅਧਿਆਦੇਸ਼ ਸੈਸ਼ਨ 2010-11 ਤੋਂ ਅੰਤਿਕਾ ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

(ਅ) Credit Based Evaluation System ਅਧੀਨ ਸੈਸ਼ਨ 2010-11 ਤੋਂ B.Tech.(ECE), B.Tech.(ECS) ਅਤੇ M.Tech. (Communication System) ਦੇ ਅਧਿਆਦੇਸ਼ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

(ੲ) Credit Based Evaluation System ਅਧੀਨ ਸੈਸ਼ਨ 2010-11 ਤੋਂ M.Pharmacy ਅਤੇ B.Pharmacy ਦੇ ਅਧਿਆਦੇਸ਼ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

ਇਹ ਵੀ ਪਾਸ ਹੋਇਆ ਕਿ ਇਸ ਯੂਨੀਵਰਸਿਟੀ ਵਿਖੇ ਵੱਖ-ਵੱਖ ਕੋਰਸਾਂ ਲਈ ਇਕ ਹੀ ਅਧਿਆਦੇਸ਼ ਹੋਣ ਸਬੰਧੀ ਤਜ਼ਵੀਜ ਪੇਸ਼ ਕਰਨ ਲਈ ਡੀਨ, ਅਕਾਦਮਿਕ ਮਾਮਲੇ ਅਤੇ ਡਾਇਰੈਕਟਰ ਰਿਸਰਚ ਤੇ ਅਧਾਰਿਤ ਕਮੇਟੀ ਗਠਿਤ ਕੀਤੀ ਜਾਂਦੀ ਹੈ।

ਸ. ਹਰਭਜਨ ਸਿੰਘ, ਲੀਗਲ ਐਡਵਾਈਜ਼ਰ ਕਮ ਨੋਡਲ ਅਫਸਰ ਦੀ ਬਿਲਮੁਕਤਾ ਤਨਖਾਹ ਵਿਚ ਵਾਧਾ।

7. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

ਪਾਸ ਹੋਇਆ ਕਿ ਸ. ਹਰਭਜਨ ਸਿੰਘ, ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਣ ਅਤੇ ਪੰਜਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਨੂੰ ਮੁੱਖ ਰੱਖਦਿਆਂ ਉਨ੍ਹਾਂ ਦੀ ਬਿਲਮੁਕਤਾ ਮਾਸਿਕ ਤਨਖਾਹ ਵਿਚ 8000/- ਰੁਪਏ ਤੋਂ 10000/- ਰੁਪਏ ਦਾ ਵਾਧਾ ਕੀਤਾ ਜਾਂਦਾ ਹੈ।

ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੋਗਰਾਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਵ ਐਗਜ਼ਾਮੀਨੇਸ਼ਨਜ਼ ਦੀ ਨਿਯੁਕਤੀ ਦੀ ਮਿਆਦ ਵਿਚ ਵਾਧਾ।

8. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

ਪਾਸ ਹੋਇਆ ਕਿ ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੋਗਰਾਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਵ ਐਗਜ਼ਾਮੀਨੇਸ਼ਨਜ਼, ਜਿਸ ਦੀ ਵਰਤਮਾਨ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 5.7.2010 ਤੱਕ ਹੈ, ਦੀ ਨਿਯੁਕਤੀ ਵਿਚ ਮਿਤੀ 6.7.2010 ਤੋਂ 7.7.2010 ਤੱਕ ਦੀ ਬਰੇਕ ਦੇ ਕੇ, ਮਿਤੀ 8.7.2010 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ।

ਫਿਜਿਕਸ ਵਿਭਾਗ ਵਿਖੇ ਨਕਾਰਾ ਅਤੇ ਨਾ-ਮੁਰੰਮਤ ਯੋਗ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

9. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਫਿਜਿਕਸ ਵਿਭਾਗ ਵਿਖੇ (ਅੰਤਿਕਾ ਅਨੁਸਾਰ) ਵੱਖ-ਵੱਖ ਸਮੇਂ ਖ੍ਰੀਦੇ 241468/- ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b) ਅਧੀਨ ਵੱਟੇ-ਖਾਤੇ ਪਾਇਆ ਜਾਂਦਾ ਹੈ।

ਸ੍ਰੀ ਭੁਪਿੰਦਰਪਾਲ ਸਿੰਘ, ਪ੍ਰੋਗਰਾਮਰ ਨੂੰ ਸੀਨੀਅਰ ਸਕੇਲ ਦੀ ਪਰਵਾਨਗੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਭੁਪਿੰਦਰਪਾਲ ਸਿੰਘ, ਪ੍ਰੋਗਰਾਮਰ ਨੂੰ ਸੀਨੀਅਰ ਸਕੇਲ (ਰੁ. 10000-15200 ਅਣਸੋਧਿਆ) ਦੇਣ ਲਈ ਵਾਈਸ-ਚਾਂਸਲਰ ਸਾਹਿਬ ਵਲੋਂ ਗਠਿਤ ਸਕਰੀਨਿੰਗ ਕਮੇਟੀ ਦੀ ਮਿਤੀ 22.5.2010 ਦੀ ਸਿਫਾਰਸ਼ ਅੰਤਿਕਾ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਮਾਝਾ ਕਾਲਜ ਫਾਰ ਵੂਮੈਨ, ਤਰਨ-ਤਾਰਨ ਨੂੰ ਕੋ-ਐਜੂਕੇਸ਼ਨ ਕਰਨ ਦੀ ਪਰਵਾਨਗੀ।

11. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਾਝਾ ਕਾਲਜ ਫਾਰ ਵੂਮੈਨ, ਤਰਨ-ਤਾਰਨ ਵੱਲੋਂ ਪ੍ਰਾਪਤ ਬੇਨਤੀ ਅਤੇ ਪੰਜਾਬ ਸਰਕਾਰ ਦੀ ਪਰਵਾਨਗੀ (ਅੰਤਿਕਾਵਾਂ ਅਨੁਸਾਰ) ਨੂੰ ਮੁੱਖ ਰੱਖਦਿਆਂ ਸੈਸ਼ਨ 2010-11 ਤੋਂ ਕਾਲਜ ਨੂੰ ਕੋ-ਐਜੂਕੇਸ਼ਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਨੋਟ ਕੀਤਾ ਕਿ ਕਾਲਜ ਨੇ ਕੋ-ਐਜੂਕੇਸ਼ਨ ਕਰਨ ਸਬੰਧੀ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਹਨ।

ਸਾਲ 2010-11 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 ਉੱਤੇ ਸਟੈਚਿਊਟ 12 ਅਨੁਸਾਰ ਸਾਲ 2010-2011 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

13. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਰਾਜਵਿੰਦਰ ਕੌਰ | 20ਵੀਂ ਸਦੀ ਦੀ ਅੰਤਿਮ ਚੌਥਾਈ ਦਾ ਪੰਜਾਬੀ ਜੀਵਨੀ ਸਾਹਿਤ: ਸਾਹਿਤ-ਇਤਿਹਾਸਕ ਪ੍ਰਸੰਗ | ਪੰਜਾਬੀ- ਲੈਂਗੂਏਜਿਜ਼ ਫੈਕਲਟੀ |

| | | | |
|---|---|---|---|
| 2. | ਹਰਬੰਸ ਕੌਰ | ਜੋਗੀ ਪਰੰਪਰਾ ਨਾਲ ਸੰਬੰਧਿਤ ਪੰਜਾਬੀ ਲੋਕਧਾਰਾ | - ਉਹੀ - |
| 3. | ਸ਼ਰਨਜੀਤ ਕੌਰ | ਡਾ. ਗੁਰਬਖਸ਼ ਸਿੰਘ ਫਰੈਂਕ ਦਾ ਚਿੰਤਨ ਕਾਰਜ: ਸਮੀਖਿਆ ਵਿਧੀ ਅਤੇ ਸਭਿਆਚਾਰਕ ਦ੍ਰਿਸ਼ਟੀ | - ਉਹੀ - |
| 4. | ਮਧੁਲੀਕਾ ਭਗਤ | Search for Potential Anticancer Agents from Plants. | ਮੋਲੀਕਿਊਲਰ ਬਿਆਲੋਜੀ ਅਤੇ ਬਾਇਓਕੈਮਿਸਟਰੀ- ਲਾਈਫ ਸਾਇੰਸਜ਼ ਫੈਕਲਟੀ |
| 5. | ਰੁਪਿੰਦਰ ਕੌਰ | Heavy metal interactions in Brassica Juncea L. during Phytoremidiation. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ |
| 6. | ਸਾਰੀਕਾ ਸ਼ਰਮਾ | Charcaterization of Microbial Biodiversity in High Altitude Region of Northern Himalaya and Screening for Novel Amylolytic Enzyme. | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ |
| 7. | ਜਸਬੀਰ ਸਿੰਘ | Violence, Trauma and Loss: Literary Representation of the Partition of the Punjab (1947) | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ |
| 8. | ਸ਼ਵੇਤਾਂਬਰੀ ਤੇਜਪਾਲ | Some Problems on best Approximation and Fixed Points in Abstract Spaces. | ਮੈਥੇਮੈਟਿਕਸ- ਸਾਇੰਸਜ਼ ਫੈਕਲਟੀ |
| 9. | ਸੰਗੀਤਾ | Some Approximation Problems in Abstract Spaces. | - ਉਹੀ - |
| 10. | ਅਮਰਜੀਤ ਕੌਰ | Cultivation of Strawberry Under Protected Conditions in Sub-Tropical Region of Punjab. | ਹੋਰਟੀਕਲਚਰ- ਐਗਰੀਕਲਚਰ ਤੇ ਫੋਰੈਸਟਰੀ ਫੈਕਲਟੀ |
| 11. | ਪਰਮਿੰਦਰ ਕੌਰ | Womenӧs Rights under the Hindu Succession Act-1956- A Critical Evaluation | ਲਾਅ- ਲਾਅ ਫੈਕਲਟੀ |
| 12. | ਰੁਪਿੰਦਰ ਪ੍ਰੀਤ ਕੌਰ | A Theoretical Study on N-H Bond Enthalpies and Proton affinities in $H_2$ NC(=X) YR[X=O,S,Se; Y=O,S,Se] | ਕੈਮਿਸਟਰੀ- ਸਾਇੰਸਜ਼ ਫੈਕਲਟੀ |

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

14. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਈ 2010 ਤੋਂ ਬਾਅਦ ਹੁਣ ਤੱਕ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ; ਇਲੈਕਟ੍ਰਾਨਿਕਸ ਟੈਕਨਾਲੋਜੀ ਵਿਭਾਗ; ਕਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ; ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਅਤੇ ਸਕੂਲ ਆਫ਼ ਸੋਸ਼ਲ ਸਾਇੰਸਜ਼ ਦੇ ਬੈਚ 2010 ਦੇ 14 ਵਿਦਿਆਰਥੀਆਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ ਕੀਤੀ ਗਈ ਹੈ।

2. ਵਾਈਸ-ਚਾਂਸਲਰ ਸਾਹਿਬ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਨੇ ਪੇਂਡੂ ਬੱਚਿਆਂ ਨੂੰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚ ਦਾਖਲੇ ਲਈ ਦਾਖਲਾ ਪ੍ਰੀਖਿਆ ਦੀ ਤਿਆਰੀ ਵਾਸਤੇ ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਚ ਸੈਂਟਰ ਖੋਲਣ ਦੀ ਪਰਵਾਨਗੀ ਦਿੱਤੀ ਹੈ। ਸਰਕਾਰ ਨੇ ਇਹ ਪ੍ਰੋਜੈਕਟ ਸ਼ੁਰੂ ਕਰਨ ਲਈ ਇਕ ਕਰੋੜ ਚਾਲੀ ਲੱਖ ਰੁਪਏ ਦੀ ਰਕਮ ਪਰਵਾਨ ਕੀਤੀ ਹੈ।

3. ਪੰਜਾਬ ਰਾਜ ਵਿਚ ਸਥਿਤ ਸਬੰਧਤ ਕਾਲਜਾਂ/ਸੰਸਥਾਵਾਂ/ਯੂਨੀਵਰਸਿਟੀਆਂ ਵਿਚ ਸੈਸ਼ਨ 2010-11 ਦੇ ਬੀ.ਏ. ਐਲ.ਐਲ.ਬੀ. (ਆਨਰਜ਼) ਅਤੇ ਐਲ.ਐਲ.ਬੀ. (ਦੋਵੇਂ ਪੰਜ ਸਾਲਾ) ਅਤੇ ਤਿੰਨ ਸਾਲਾ ਐਲ.ਐਲ.ਬੀ. ਕੋਰਸਾਂ ਵਿਚ ਦਾਖਲਿਆਂ ਲਈ ਆਨ-ਲਾਈਨ ਕੌਂਸਲਿੰਗ ਕਰਾਉਣ ਦੀ ਜ਼ਿੰਮੇਵਾਰੀ ਇਸ ਯੂਨੀਵਰਸਿਟੀ ਨੂੰ ਸੌਂਪੀ ਹੈ। ਇਸੇ ਤਰ੍ਹਾਂ ਬੀ.ਐਡ. ਕੋਰਸ ਦੇ ਦਾਖਲੇ ਲਈ ਵੀ ਆਨ-ਲਾਈਨ ਕੌਂਸਲਿੰਗ ਇਸ ਯੂਨੀਵਰਸਿਟੀ ਵੱਲੋਂ ਕਰਵਾਈ ਜਾਵੇਗੀ।

4. ਯੂਨੀਵਰਸਿਟੀ ਵਿਖੇ ਕੇਂਦਰ ਸਰਕਾਰ ਦੇ ਯੁਵਕ ਤੇ ਖੇਡ ਮੰਤਰਾਲੇ ਦੇ ਸਹਿਯੋਗ ਨਾਲ ਪੁਰਾਣੀ ਹਾਕੀ ਐਸਟਰੋਟਰਫ਼ ਦੀ ਜਗ੍ਹਾ ਨਵੀਂ ਲਾਈ ਗਈ ਐਸਟਰੋਟਰਫ਼ ਦਾ ਉਦਘਾਟਨ ਯੁਵਕ ਤੇ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੇ 4 ਜੂਨ, 2010 ਨੂੰ ਕੀਤਾ।

5. ਭਾਈ ਗੁਰਦਾਸ ਲਾਇਬ੍ਰੇਰੀ ਵੱਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ Selected Bibliographies ਤਿਆਰ ਕੀਤੀਆਂ ਗਈਆਂ ਹਨ ਜੋ ਕਿ Website(htt://library.gndu.ac.in) 'ਤੇ ਵੀ ਪਾ ਦਿੱਤੀਆਂ ਗਈਆਂ ਹਨ।

6. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਚੇਅਰਮੈਨ ਵੱਲੋਂ ਇਸ ਯੂਨੀਵਰਿਸਟੀ ਦੇ ਅਕਾਦਮਿਕ ਸਟਾਫ਼ ਕਾਲਜ ਦੇ ਡਾਇਰੈਕਟਰ, ਡਾ. ਸਤੀਸ਼ ਵਰਮਾ ਨੂੰ ਸ਼੍ਰੀ ਵੈਂਕਟੇਸਵਰਾ ਯੂਨੀਵਰਸਿਟੀ, ਤ੍ਰਿਪੁਤੀ ਦੇ ਅਕਾਦਮਿਕ ਸਟਾਫ਼ ਕਾਲਜ ਦੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵਜੋਂ ਦੋ ਸਾਲ ਦੇ ਸਮੇਂ ਲਈ ਨਾਮਜ਼ਦ ਕੀਤਾ ਗਿਆ ਹੈ।

7. ਯੂਨੀਵਰਸਿਟੀ ਵੱਲੋਂ ਸਪੋਰਟਸ ਮੈਡੀਸਨ ਅਤੇ ਫਿਜੀਓਥਰੈਪੀ ਵਿਭਾਗ ਦੇ ਪ੍ਰਬੰਧ ਹੇਠ ਖੇਡਾਂ ਦੌਰਾਨ ਦੰਦਾਂ 'ਤੇ ਸੱਟਾਂ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਭਾਰਤ ਦੀ ਪਹਿਲੀ ਦੰਦ ਚਿਕਿਸਤਾ ਕਲੀਨਿਕ ਖੋਲ੍ਹੀ ਗਈ ਹੈ। ਇਸ ਕਲੀਨਿਕ ਵਿਚ ਖੇਡਾਂ ਦੌਰਾਨ ਦੰਦਾਂ ਦੇ ਬਚਾਅ ਲਈ ਵਿਸ਼ੇਸ਼ ਮੂੰਹ ਸੁਰੱਖਿਆ ਗਾਰਡ ਤਿਆਰ ਕੀਤਾ ਜਾਵੇਗਾ।

8. ਯੂਨੀਵਰਸਿਟੀ ਵੱਲੋਂ ਪੀ.ਸੀ.ਐਸ.(ਜੁਡੀਸ਼ੀਅਲ ) ਦੀ ਪ੍ਰੀਖਿਆ ਦੀ ਤਿਆਰੀ ਲਈ 7 ਜੂਨ ਤੋਂ 8 ਹਫ਼ਤਿਆਂ ਦਾ ਇਕ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਵਾਇਆ ਗਿਆ ਹੈ।

9. ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵੱਲੋਂ 15 ਤੋਂ 25 ਜੂਨ, 2010 ਤੱਕ ਸੰਗੀਤ ਦੇ ਵਿਕਾਸ ਅਤੇ ਉਨਤੀ ਲਈ ਇਕ ਸੰਗੀਤਕ ਵਰਕਸ਼ਾਪ ਦਾ ਆਯੋਜਨ ਕੀਤਾ

ਗਿਆ ਹੈ ਜਿਸ ਵਿਚ ਯੂਨੀਵਰਸਿਟੀ ਅਤੇ ਬਾਹਰੋਂ ਲਗਭਗ 30 ਵਿਦਿਆਰਥੀਆਂ ਨੇ ਭਾਗ ਲਿਆ ਹੈ। ਇਸ ਵਰਕਸ਼ਾਪ ਵਿਚ ਵਾਇਲਨ, ਗਿਟਾਰ ਤੇ ਕੀ-ਬੋਰਡ ਸਿਖਾਉਣ ਦੇ ਕਲਾਕਾਰ ਬਾਹਰੋਂ ਆਨਰੇਰੀ ਬੇਸਿਸ 'ਤੇ ਬੁਲਾਏ ਗਏ।

ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ੍ਰੀ ਸਲਵਿੰਦਰ ਸਿੰਘ, ਸੀਨੀਅਰ ਟੈਕਨੀਸ਼ੀਅਨ (ਸੇਵਾ-ਮੁਕਤ) ਦੀ ਕੰਟ੍ਰੈਕਟ ਅਧਾਰ ਤੇ ਮੁੜ ਨਿਯੁਕਤੀ।

16. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸਲਵਿੰਦਰ ਸਿੰਘ ਭੇਲਾ, ਸੀਨੀਅਰ ਟੈਕਨੀਸ਼ੀਅਨ, ਕੈਮਿਸਟਰੀ ਵਿਭਾਗ ਨੂੰ ਮਿਤੀ 31.5.2010 ਨੂੰ ਸੇਵਾ ਮੁਕਤ ਹੋਣ ਉਪਰੰਤ ਹਾਜ਼ਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਨਿਯਮਾਂ ਅਨੁਸਾਰ ਬਣਦੀ ਬੱਝਵੀਂ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ ਸੀਨੀਅਰ ਟੈਕਨੀਸ਼ੀਅਨ ਵਜੋਂ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਤਜ਼ਰਬੇ ਦੀ ਪੁਸ਼ਟੀ।

17. ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਯੋਗਤਾ ਨੂੰ ਸਪਸ਼ਟ ਕਰਦਿਆਂ ਲੈਕਚਰਾਰ ਵਜੋਂ ਰੈਗੂਲਰ ਅਸਾਮੀ ਉੱਤੇ 10 ਸਾਲ ਪੜਾਉਣ ਦਾ ਤਜ਼ਰਬਾ ਹੋਣ ਦੀ ਸ਼ਰਤ ਦੀ ਪਰਵਾਨਗੀ ਦਿੱਤੀ ਹੈ।

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਯੋਗਤਾ ਨੂੰ ਸਪਸ਼ਟ ਕਰਦਿਆਂ ਰੈਗੂਲਰ ਲੈਕਚਰਾਰ ਵਜੋਂ 10 ਸਾਲ ਪੜਾਉਣ ਦਾ ਤਜ਼ਰਬਾ ਹੋਣ ਦੀ ਸ਼ਰਤ ਦੀ ਪਰਵਾਨਗੀ ਦਿੱਤੀ ਹੈ।

ਸਬੰਧਤਾ ਪ੍ਰਾਪਤ ਕਾਲਜਾਂ ਵਲੋਂ ਰੈਗੂਲਰ ਪ੍ਰਿੰਸੀਪਲ/ ਸਟਾਫ ਨਿਯੁਕਤ ਨਾ ਕਰਨ ਕਰਕੇ **Fine/Penalty** ਕਰਨ ਸਬੰਧੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਨੂੰ ਮੁੱਖ ਰੱਖਦਿਆ ਵੱਖ-ਵੱਖ ਸਬੰਧਤਾ ਪ੍ਰਾਪਤ ਕਾਲਜਾਂ ਵਲੋਂ ਰੈਗੂਲਰ ਪ੍ਰਿੰਸੀਪਲ/ ਸਟਾਫ ਨਿਯੁਕਤ ਨਾ ਕਰਨ ਕਰਕੇ Fine/Penalty ਕਰਨ ਸਬੰਧੀ ਨਿਰਣਾ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 15.6.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

+2 ਵਿਚੋਂ ਅੰਕਾਂ ਦੀ ਸਾਂਝੀ ਮੈਰਿਟ ਦੇ ਅਧਾਰ 'ਤੇ ਦਾਖਲੇ ਕਰਨ ਦੀ ਪਰਵਾਨਗੀ।

19. ਵਿਚਾਰ ਉਪਰੰਤ

ਪਾਸ ਹੋਇਆ ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ +2 ਵਿਚੋਂ ਫਿਜਿਕਸ, ਕੈਮਿਸਟਰੀ ਅਤੇ ਬਿਆਲੋਜੀ ਜਾਂ ਗਣਿਤ ਵਿਸ਼ਿਆਂ ਦੀ ਸਾਂਝੀ ਮੈਰਿਟ ਸੂਚੀ ਦੇ ਅਧਾਰ ਤੇ ਸਾਇੰਸ ਫੈਕਲਟੀ ਵਿਚ ਅੰਡਰ ਗ੍ਰੈਜੂਏਟ ਕੋਰਸਾਂ ਵਿਚ ਦਾਖਲਾ ਕਰਨ ਦੀ ਆਗਿਆ ਦਿੱਤੀ ਹੈ।

ਇਹ ਨੋਟ ਕੀਤਾ ਕਿ +2 ਵਿਚ ਬਿਆਲੋਜੀ ਅਤੇ ਗਣਿਤ ਦੋਵੇਂ ਵਿਸ਼ੇ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਜਿਸ ਵਿਸ਼ੇ ਵਿਚੋਂ ਜਿਆਦਾ ਅੰਕ ਹੋਣਗੇ, ਉਸ ਵਿਸ਼ੇ ਨੂੰ ਮੈਰਿਟ ਲਈ ਗਿਣਿਆ ਜਾਵੇਗਾ।

ਬੀ.ਟੈਕ. (ਅਰਬਨ ਪਲੈਨਿੰਗ) ਵਿਚ +2 ਪ੍ਰੀਖਿਆ ਦੀ ਮੈਰਿਟ ਦੇ ਅਧਾਰ ਤੇ ਦਾਖਲੇ ਦੀ ਪਰਵਾਨਗੀ।

20. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਸੈਸ਼ਨ 2011-12 ਤੋਂ ਬੀ.ਟੈਕ.(ਅਰਬਨ-ਪਲੈਨਿੰਗ) ਵਿਚ +2 ਦੀ ਪ੍ਰੀਖਿਆ ਵਿਚ ਮੈਰਿਟ ਦੇ ਅਧਾਰ ਤੇ ਦਾਖਲਾ ਕੀਤਾ ਜਾਵੇ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:-ਸਿੰਡੀਕੇਟ ਦੀ ਇੱਕਤਰਤਾ ਮਿਤੀ 4.2.2010 ਦੇ ਪੈਰਾ 47(vi) ਰਾਹੀਂ ਸੈਸ਼ਨ 2010-11 ਲਈ B.Tech. (URP) ਵਿਚ ਦਾਖਲੇ ਲਈ ਯੋਗਤਾ ਦੀ ਪਰਵਾਨਗੀ ਦਿੱਤੀ ਗਈ ਸੀ। ਪ੍ਰੰਤੂ ਉਕਤ ਕੋਰਸ ਵਿਚ ਦਾਖਲੇ CET 2010 ਅਤੇ AIEEE 2010 ਦੇ ਪ੍ਰਾਸਪੈਕਟਸ ਦੇ ਅਧਾਰ ਤੇ ਕੀਤੇ ਜਾਣੇ ਹਨ। ਇਸ ਲਈ ਉਕਤ ਕੋਰਸ ਵਿਚ ਦਾਖਲੇ +2 ਦੀ ਪ੍ਰੀਖਿਆ ਵਿਚ ਮੈਰਿਟ ਦੇ ਅਧਾਰ ਤੇ ਸੈਸ਼ਨ 2011-12 ਤੋਂ ਕਰਨੇ ਬਣਦੇ ਹਨ।

ਪਾਸ ਹੋਇਆ ਕਿ ਸੈਸ਼ਨ 2011-12 ਤੋਂ ਬੀ.ਟੈਕ.(ਅਰਬਨ-ਪਲੈਨਿੰਗ) ਵਿਚ +2 ਦੀ ਪ੍ਰੀਖਿਆ ਵਿਚ ਮੈਰਿਟ ਦੇ ਅਧਾਰ 'ਤੇ ਦਾਖਲਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸੈਸ਼ਨ 2010-11 ਲਈ ਬੀ.ਐਡ. ਕੋਰਸ ਵਿਚ ਦਾਖਲੇ ਲਈ ਯੋਗਤਾ ਸ਼ਰਤ ਦੀ ਪਰਵਾਨਗੀ।

21. ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 13/19/2010-3 Edu. 1/1174 ਮਿਤੀ 28.5.2010 (ਅੰਤਿਕਾ ਅਨੁਸਾਰ) ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

ਪਾਸ ਹੋਇਆ ਕਿ ਸੈਸ਼ਨ 2010-11 ਲਈ ਬੀ.ਐਡ. ਕੋਰਸ ਵਿਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਲਈ ਯੋਗਤਾ ਸ਼ਰਤ ਅੰਤਿਕਾ ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਵੱਖ-ਵੱਖ ਕੋਰਸਾਂ ਦੀਆਂ ਫੀਸਾਂ ਦੀ ਪਰਵਾਨਗੀ।

22. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

ਪਾਸ ਹੋਇਆ ਕਿ ਅੰਤਿਕਾ ਵਿਚ ਦਰਸਾਏ ਕੋਰਸਾਂ ਦੀਆਂ ਫੀਸਾਂ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਇਹ ਵੀ ਪਾਸ ਹੋਇਆ ਕਿ ਬਾਕੀ ਰਹਿ ਗਏ ਕੋਰਸਾਂ ਦੀ ਫੀਸ ਪਰਵਾਨ/ਰਿਵਾਈਜ਼ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਕੈਸ਼ ਹੈਂਡਲਿੰਗ ਨਾਲ ਸਬੰਧਤ ਕਰਮਚਾਰੀਆਂ ਨੂੰ ਅਲਾਊਂਸ ਦੀ ਪਰਵਾਨਗੀ।

23. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਦੇ ਪੱਤਰ ਨੰ: 3/1/10-5FP2/210 ਮਿਤੀ 21.5.2010 ਦੇ ਅਧਾਰ ਤੇ ਹੇਠ ਲਿਖੇ ਕਰਮਚਾਰੀਆਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਕੈਸ਼ ਹੈਂਡਲਿੰਗ ਅਲਾਊਂਸ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ :-

| ਲੜੀ ਨੰ: | ਵੇਰਵਾ | ਅਲਾਊਂਸ ਦੀ ਰਕਮ (ਰੁ: ਪ੍ਰਤੀ ਮਹੀਨਾ) |
|---|---|---|
| 1) | ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ ਦੇ ਕੈਸ਼ ਵਿਭਾਗ ਵਿਚ ਨਿਯੁਕਤ ਨਿਗਰਾਨ ਜਾਂ ਹੋਰ 'ਏ' ਕਲਾਸ ਕਰਮਚਾਰੀ ਅਤੇ 'ਬੀ' ਕਲਾਸ ਕਰਮਚਾਰੀ (ਇਸ ਸਮੇਂ ਇਕ ਨਿਗਰਾਨ ਅਤੇ ਚਾਰ 'ਬੀ' ਕਲਾਸ ਕਰਮਚਾਰੀ ਨਿਯੁਕਤ ਹਨ) | 500/- |
| 2) | ਲੇਖਾ ਸ਼ਾਖਾ ਦੇ ਟੀ.ਏ. ਸੈਕਸ਼ਨ ਵਿਚ ਨਿਯੁਕਤ ਦੋ 'ਬੀ' ਕਲਾਸ ਕਰਮਚਾਰੀ (ਇਸ ਸਮੇਂ ਦੋ ਸੀਨੀਅਰ ਸਹਾਇਕ ਨਿਯੁਕਤ ਹਨ) | 200/- |
| 3) | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਜਲੰਧਰ, ਗੁਰਦਾਸਪੁਰ ਅਤੇ ਯੂਨੀਵਰਸਿਟੀ ਕਾਲਜ ਜਲੰਧਰ ਦੇ ਇਨਫਰਮੇਸ਼ਨ ਸੈਂਟਰ ਵਿਚ ਨਿਯੁਕਤ 'ਬੀ' ਕਲਾਸ ਕਰਮਚਾਰੀ (ਹਰੇਕ ਕੇਂਦਰ ਵਿਚ ਇਕ-ਇਕ ਕਰਮਚਾਰੀ) | 200/- |

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 18.6.2010 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 18.6.2010 ਦੀਆਂ ਸਿਫਾਰਸ਼ਾਂ ਅੰਤਿਕਾ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ ਦੀ ਪਰਵਾਨਗੀ।

25. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 30.6.2010 ਨੂੰ ਸੇਵਾ-ਮੁਕਤੀ ਉਪਰੰਤ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-82 ਉੱਤੇ ਸਟੈਚਿਊਟ 94(iii)(b) (1) ਅਤੇ ਸਿੰਡੀਕੇਟ ਦੀ ਇੱਕਤਰਤਾ ਮਿਤੀ 11.10.2004 ਦੇ ਪੈਰਾ 15 ਰਾਹੀਂ ਲਏ ਨਿਰਣੇ ਅਨੁਸਾਰ ਮਿਤੀ 1.7.2010 ਤੋਂ ਇਕ ਸਾਲ ਲਈ ਨਿਯਮਾਂ ਅਨੁਸਾਰ ਬਣਦੀ ਬੱਝਵੀਂ ਤਨਖਾਹ ਤੇ ਕੰਟ੍ਰੈਕਟ ਅਧਾਰ 'ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ ਅਤੇ ਸਟੈਚਿਊਟ 94(b)(4) ਦੀ ਵਿਵਸਥਾ ਅਨੁਸਾਰ ਇਨ੍ਹਾਂ ਪ੍ਰੋਫੈਸਰਾਂ ਲਈ Supernumerary ਅਸਾਮੀਆਂ ਉਤਪੰਨ ਕਰਨ ਦੀ

ਪਰਵਾਨਗੀ ਦਿੱਤੀ ਜਾਂਦੀ ਹੈ:-

1. ਡਾ. ਪ੍ਰੇਮ ਸਾਗਰ ਸ਼ਰਮਾ, ਪ੍ਰੋਫੈਸਰ, ਵਿਦੇਸ਼ੀ ਭਾਸ਼ਾਵਾਂ ਵਿਭਾਗ
2. ਡਾ. ਐਚ.ਐਸ. ਸੰਧੂ, ਪ੍ਰੋਫੈਸਰ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ
3. ਡਾ. ਭਗਵੰਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ
4. ਡਾ. ਧਰਮ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ
5. ਡਾ. ਬਲਵੰਤ ਸਿੰਘ ਢਿੱਲੋਂ, ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ

ਸ੍ਰੀਮਤੀ ਰਾਜਵਿੰਦਰ ਕੌਰ, ਸੀਨੀਅਰ ਸਹਾਇਕ ਵਿਰੁਧ Prosecution ਦੀ ਦਿੱਤੀ ਗਈ ਮੰਨਜ਼ੂਰੀ ਵਾਪਸ ਲੈਣ ਦੀ ਪਰਵਾਨਗੀ।

26. ਵਿਚਾਰ ਉਪਰੰਤ

ਪਾਸ ਹੋਇਆ ਕਿ ਸ੍ਰੀਮਤੀ ਰਾਜਵਿੰਦਰ ਕੌਰ, ਸੀਨੀਅਰ ਸਹਾਇਕ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਵਿਰੁਧ ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ ਨੰ: 50 ਰਾਹੀਂ ਥਾਣਾ ਸਦਰ, ਅੰਮ੍ਰਿਤਸਰ ਵਿਖੇ ਦਰਜ ਮੁਕੱਦਮਾ ਨੰ: 220 ਮਿਤੀ 28.5.2002 ਵਿਚ Prosecution ਦੀ ਦਿੱਤੀ ਗਈ ਮਨਜ਼ੂਰੀ, ਯੂਨੀਵਰਸਿਟੀ ਲੀਗਲ ਐਡਵਾਈਜ਼ਰ ਦੀ ਰਾਏ ਅਤੇ ਦਫ਼ਤਰੀ ਨੋਟ **ਅੰਤਿਕਾ I** ਅਨੁਸਾਰ ਨੂੰ ਮੁਖ ਰੱਖਦਿਆਂ, ਵਾਪਿਸ ਲੈਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਸ.ਐਸ. ਕਾਲਜ ਆਫ ਐਜੂਕੇਸ਼ਨ, ਦੀਨਾ ਨਗਰ, ਗੁਰਦਾਸਪੁਰ ਵਿਰੁੱਧ ਅਧਿਆਪਨ ਅਮਲੇ ਦੀ ਘਾਟ ਅਤੇ ਵਧੇਰੇ ਫੀਸਾਂ ਵਸੂਲ ਕਰਨ ਬਾਰੇ ਪੜਤਾਲੀਆ ਰਿਪੋਰਟ ਅਤੇ ਕਾਰਣ ਦੱਸੋ ਨੋਟਿਸ ਆਦਿ ਦੀ ਪਰਵਾਨਗੀ।

27. ਐਸ.ਐਸ. ਕਾਲਜ ਆਫ ਐਜੂਕੇਸ਼ਨ, ਦੀਨਾ ਨਗਰ, ਗੁਰਦਾਸਪੁਰ ਵਿਰੁੱਧ ਅਧਿਆਪਨ ਅਮਲੇ ਦੀ ਘਾਟ ਅਤੇ ਵਿਦਿਆਰਥੀਆਂ ਪਾਸੋਂ ਗਲਤ ਤਰੀਕੇ(mal-practice) ਰਾਹੀਂ ਵਧੇਰੇ ਫੀਸਾਂ ਵਸੂਲ ਕਰਨ ਬਾਰੇ ਪਹਿਲੀ ਨਿਰੀਖਣ ਰਿਪੋਰਟ ਮਿਤੀ 16.4.2010 (**ਅੰਤਿਕਾ-A**) ਅਤੇ ਕਾਲਜ ਨੂੰ ਜਾਰੀ ਕੀਤੇ 'ਕਾਰਣ ਦੱਸੋ ਨੋਟਿਸ' ਮਿਤੀ 12.5.2010 (**ਅੰਤਿਕਾ-B**) ਸਮੇਤ ਕਾਲਜ ਵਿਰੁੱਧ ਸ਼ਿਕਾਇਤ ਮਿਤੀ 6.5.2010 (**ਅੰਤਿਕਾ-C**) ਅਤੇ ਸ਼ਿਕਾਇਤ ਸਬੰਧੀ ਦੂਜੀ ਪੜਤਾਲੀਆ ਰਿਪੋਰਟ ਮਿਤੀ 12.5.2010 (**ਅੰਤਿਕਾ-D**) ਅਤੇ ਦੂਜੀ ਪੜਤਾਲੀਆ ਰਿਪੋਰਟ ਸਬੰਧੀ 'ਕਾਰਣ ਦੱਸੋ ਨੋਟਿਸ' ਮਿਤੀ 11.6.2010 (**ਅੰਤਿਕਾ-E**) ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ 'ਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**Note:-** This is mentioned here that the university committee which was seized of the matter of imposition of fine on colleges for non-appointment of regular staff as per orders of the Hon'ble Punjab and Haryana High Court passed in various writ petitions, for instance, order dated 21.01.2010 in C.W.P. No. 3781 of 2009 and order dated 17.02.2010 C.W.P. No. 2506 of 2006 etc. has submitted its report on dated 15.6.2010.

ਪਾਸ ਹੋਇਆ ਕਿ ਐਸ.ਐਸ. ਕਾਲਜ ਆਫ ਐਜੂਕੇਸ਼ਨ, ਦੀਨਾ ਨਗਰ, ਗੁਰਦਾਸਪੁਰ ਵਿਰੁੱਧ ਅਧਿਆਪਨ ਅਮਲੇ ਦੀ ਘਾਟ ਅਤੇ ਵਿਦਿਆਰਥੀਆਂ ਪਾਸੋਂ ਗਲਤ ਤਰੀਕੇ(mal-practice) ਰਾਹੀਂ ਵਧੇਰੇ ਫੀਸਾਂ ਵਸੂਲ ਕਰਨ ਬਾਰੇ ਸਪੈਸ਼ਲ

ਨਿਰੀਖਣ ਰਿਪੋਰਟ ਮਿਤੀ 16.4.2010 (ਅੰਤਿਕਾ–**A**) ਅਤੇ ਕਾਲਜ ਨੂੰ ਜਾਰੀ ਕੀਤੇ 'ਕਾਰਣ ਦੱਸੋ ਨੋਟਿਸ' ਮਿਤੀ 12.5.2010 (ਅੰਤਿਕਾ–**B**) ਸਮੇਤ ਕਾਲਜ ਵਿਰੁੱਧ ਸ਼ਿਕਾਇਤ ਮਿਤੀ 6.5.2010 (ਅੰਤਿਕਾ–**C**) ਅਤੇ ਸ਼ਿਕਾਇਤ ਸਬੰਧੀ ਪੜਤਾਲੀਆ ਰਿਪੋਰਟ ਮਿਤੀ 12.5.2010 (ਅੰਤਿਕਾ–**D**) ਅਤੇ ਪੜਤਾਲੀਆ ਰਿਪੋਰਟ ਸਬੰਧੀ 'ਕਾਰਣ ਦੱਸੋ ਨੋਟਿਸ' ਮਿਤੀ 11.6.2010 (ਅੰਤਿਕਾ–**E**) ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਬਾਬਾ ਬੰਦਾ ਸਿੰਘ ਬਹਾਦੁਰ ਕਾਲਜ ਆਫ ਐਜੂਕੇਸ਼ਨ, ਧਾਰੀਵਾਲ ਵਿਖੇ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਸਬੰਧੀ।

28. ਬਾਬਾ ਬੰਦਾ ਸਿੰਘ ਬਹਾਦੁਰ ਕਾਲਜ ਆਫ ਐਜੂਕੇਸ਼ਨ, ਧਾਰੀਵਾਲ, ਜਿਲ੍ਹਾ ਗੁਰਦਾਸਪੁਰ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 25.3.2010 ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ ਅੰਤਿਕਾਵਾਂ ਅਨੁਸਾਰ ਉੱਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**Note:-** This is mentioned here that the university committee which was seized of the matter of imposition of fine on colleges for non-appointment of regular staff as per orders of the Hon'ble Punjab and Haryana High Court passed in various writ petitions, for instance, order dated 21.01.2010 in C.W.P. No. 3781 of 2009 and order dated 17.02.2010 C.W.P. No. 2506 of 2006 etc. has submitted its report on dated 15.6.2010.

ਪਾਸ ਹੋਇਆ ਕਿ ਬਾਬਾ ਬੰਦਾ ਸਿੰਘ ਬਹਾਦੁਰ ਕਾਲਜ ਆਫ ਐਜੂਕੇਸ਼ਨ, ਧਾਰੀਵਾਲ, ਜਿਲ੍ਹਾ ਗੁਰਦਾਸਪੁਰ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 25.3.2010 ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਅਮਨ ਭੱਲਾ ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਵਿਖੇ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਸਬੰਧੀ।

29. ਅਮਨ ਭੱਲਾ ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 8.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 1.4.2010 ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ ਅੰਤਿਕਾਵਾਂ ਅਨੁਸਾਰ ਉੱਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**Note:-** This is mentioned here that the university committee which was seized of the matter of imposition of fine on colleges for non-appointment of regular staff as per orders of the Hon'ble Punjab and Haryana High Court passed in various writ petitions, for instance,

order dated 21.01.2010 in C.W.P. No. 3781 of 2009 and order dated 17.02.2010 C.W.P. No. 2506 of 2006 etc. has submitted its report on dated 15.6.2010.

ਪਾਸ ਹੋਇਆ ਕਿ ਅਮਨ ਭੱਲਾ ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 8.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 1.4.2010 ਅਤੇ ਅਜਿਹੇ ਕੇਸਾਂ ਸਬੰਧੀ ਸਟੈਂਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫਾਰਸ਼ਾਂ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਲਿਲੀ ਸਵੋਰਡਜ਼ ਮੈਥੋਡਿਸਟ ਕਾਲਜ ਆਫ ਐਜੂਕੇਸ਼ਨ, ਬਟਾਲਾ ਵਿਖੇ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਸਬੰਧੀ।

30. ਲਿਲੀ ਸਵੋਰਡਜ਼ ਮੈਥੋਡਿਸਟ ਕਾਲਜ ਆਫ ਐਜੂਕੇਸ਼ਨ, ਬਟਾਲਾ, ਜਿਲ੍ਹਾ ਗੁਰਦਾਸਪੁਰ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 16.3.2010 ਅੰਤਿਕਾਵਾਂ ਅਨੁਸਾਰ ਉੱਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**Note:-** This is mentioned here that the university committee which was seized of the matter of imposition of fine on colleges for non-appointment of regular staff as per orders of the Hon’ble Punjab and Haryana High Court passed in various writ petitions, for instance, order dated 21.01.2010 in C.W.P. No. 3781 of 2009 and order dated 17.02.2010 C.W.P. No. 2506 of 2006 etc. has submitted its report on dated 15.6.2010.

ਪਾਸ ਹੋਇਆ ਕਿ ਲਿਲੀ ਸਵੋਰਡਜ਼ ਮੈਥੋਡਿਸਟ ਕਾਲਜ ਆਫ ਐਜੂਕੇਸ਼ਨ, ਬਟਾਲਾ, ਜਿਲ੍ਹਾ ਗੁਰਦਾਸਪੁਰ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 8.2.2010 ਸਬੰਧੀ ਉਕਤ ਕਾਲਜ ਵੱਲੋਂ ਪ੍ਰਾਪਤ ਉੱਤਰ ਮਿਤੀ 16.3.2010 ਅਤੇ ਅਜਿਹੇ ਕੇਸਾਂ ਸਬੰਧੀ ਸਟੈਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫ਼ਾਰਸ਼ਾਂ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ, ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਸਬੰਧੀ।

31. ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ, ਸੁਲਤਾਨਪੁਰ ਲੋਧੀ, ਕਪੂਰਥਲਾ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 4.2.2010 ਅਤੇ ਸਟੈਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫ਼ਾਰਸ਼ਾਂ ਅੰਤਿਕਾਵਾਂ ਅਨੁਸਾਰ ਉਤੇ ਵਿਚਾਰ ਹੋਈ।

ਮੈਂਬਰ ਸਾਹਿਬਾਨ ਦੀ ਜਾਣਕਾਰੀ ਹਿਤ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

ñThis is mentioned here that the university committee which

was seized of the matter of imposition of fine on colleges for non-appointment of regular staff as per orders of the Hon'ble Punjab and Haryana High Court passed in various writ petitions, for instance, order dated 21.01.2010 in C.W.P. No. 3781 of 2009 and order dated 17.02.2010 C.W.P. No. 2506 of 2006 etc. has submitted its report on dated 15.6.2010."

**ਪਾਸ ਹੋਇਆ** ਕਿ ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ, ਸੁਲਤਾਨਪੁਰ ਲੋਧੀ, ਕਪੂਰਥਲਾ ਨੂੰ ਪ੍ਰਿੰਸੀਪਲ ਅਤੇ ਅਧਿਆਪਨ ਅਮਲੇ ਦੀ ਘਾਟ ਬਾਰੇ ਜਾਰੀ ਇੰਸਪੈਕਸ਼ਨ ਰਿਪੋਰਟ ਮਿਤੀ 9.1.2010 ਅਤੇ 'ਕਾਰਣ ਦੱਸੋ ਨੋਟਿਸ' ਮਿਤੀ 4.2.2010 ਅਤੇ ਸਟੈਡਿੰਗ ਕਮੇਟੀ ਮਿਤੀ 15.6.2010 ਦੀਆਂ ਸਿਫ਼ਾਰਸ਼ਾਂ ਅੰਤਿਕਾਵਾਂ ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਐਮ.ਜੀ.ਐਸ.ਐਮ. ਜਨਤਾ ਕਾਲਜ, ਕਰਤਾਰਪੁਰ ਨੂੰ ਨਿਰੀਖਣ ਕਮੇਟੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਜੁਰਮਾਨਾ ਵਸੂਲ ਕਰਨ ਸਬੰਧੀ।

32. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਜੀ.ਐਸ.ਐਮ. ਜਨਤਾ ਕਾਲਜ, ਕਰਤਾਰਪੁਰ ਨੂੰ ਐਮ.ਐਸ.ਸੀ.(ਕੰਪਿਊਟਰ ਸਾਇੰਸ) ਕਲਾਸ ਸ਼ੁਰੂ ਕਰਨ ਲਈ ਨਿਰੀਖਣ ਕਮੇਟੀ ਵੱਲੋਂ ਲਾਈਆਂ ਗਈਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਵਾਈਸ-ਚਾਂਸਲਰ ਸਾਹਿਬ ਵੱਲੋਂ ਮਿਤੀ 6.4.2009 ਰਾਹੀਂ ਕੀਤੇ ਗਏ 5,84,590/- ਰੁਪਏ ਜੁਰਮਾਨੇ ਸਬੰਧੀ ਕਾਨੂੰਨੀ ਰਾਏ ਨੂੰ ਮੁੱਖ ਰੱਖਦਿਆਂ ਜੁਰਮਾਨੇ ਦੀ ਕੁਲ ਰਕਮ ਦਾ 25% ਵਸੂਲ ਕੀਤਾ ਜਾਵੇ, ਪ੍ਰੰਤੂ ਇਸ ਨੂੰ ਪੂਰਵ ਉਦਾਹਰਣ ਵਜੋਂ ਨਹੀਂ ਵਰਤਿਆ ਜਾਵੇਗਾ।

ਜੀ.ਐਨ. ਖਾਲਸਾ ਗਰਲਜ਼ ਕਾਲਜ, ਬਾਬਾ ਸੰਗ ਢੇਸੀਆਂ ਨੂੰ ਨਿਰੀਖਣ ਕਮੇਟੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਜੁਰਮਾਨਾ ਵਸੂਲ ਕਰਨ ਸਬੰਧੀ।

33. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਜੀ.ਐਨ. ਖਾਲਸਾ ਗਰਲਜ਼ ਕਾਲਜ, ਬਾਬਾ ਸੰਗ ਢੇਸੀਆਂ ਨੂੰ ਐਮ.ਐਸ.ਸੀ.(ਕੰਪਿਊਟਰ ਸਾਇੰਸ) ਕਲਾਸ ਸ਼ੁਰੂ ਕਰਨ ਲਈ ਨਿਰੀਖਣ ਕਮੇਟੀ ਵੱਲੋਂ ਲਾਈਆਂ ਗਈਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਕਾਲਜ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 4.5.2007 ਦੇ ਪੈਰਾ 21 ਦੇ ਅਧਾਰ ਤੇ ਕੀਤੇ ਗਏ ਜੁਰਮਾਨੇ 3,22,217 (ਫੀਸ ਅਤੇ ਫੰਡ) + 1,00,000/- ਰੁਪਏ Penality ਸਬੰਧੀ ਕਾਨੂੰਨੀ ਰਾਏ ਨੂੰ ਮੁੱਖ ਰੱਖਦਿਆਂ ਜੁਰਮਾਨੇ ਦੀ ਕੁਲ ਰਕਮ ਦਾ 25% ਵਸੂਲ ਕੀਤਾ ਜਾਵੇ। ਪ੍ਰੰਤੂ ਇਸ ਨੂੰ ਪੂਰਵ ਉਦਾਹਰਣ ਵਜੋਂ ਨਹੀਂ ਵਰਤਿਆ ਜਾਵੇਗਾ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ 1:- ਸਿੰਡੀਕੇਟ ਦੀ ਇੱਕਤਰਤਾ ਮਿਤੀ 4.5.2007 ਦੇ ਪੈਰਾ 21 ਦਾ ਨਿਰਣਾ ਹੇਠ ਲਿਖੇ ਅਨੁਸਾਰ ਹੈ:-

"ਪਾਸ ਹੋਇਆ ਕਿ ਯੂਨੀਵਰਸਿਟੀ ਦੀ ਅਗਾਊਂ ਪਰਵਾਨਗੀ ਪ੍ਰਾਪਤ ਕੀਤੇ ਬਿਨਾਂ ਕੋਈ ਕੋਰਸ/ਕਲਾਸ ਸ਼ੁਰੂ ਕਰਨ ਵਾਲੇ ਕਾਲਜਾਂ ਜਾਂ ਨਿਰਧਾਰਤ ਗਿਣਤੀ ਤੋਂ ਵੱਧ ਸੀਟਾਂ ਤੇ ਦਾਖਲੇ ਕਰਨ ਵਾਲੇ ਕਾਲਜਾਂ ਨੂੰ ਸਬੰਧਤ ਵਿਦਿਆਰਥੀਆਂ ਦੀ ਕੁੱਲ ਫੀਸ ਸਮੇਤ ਫੰਡ (ਸਾਰੇ ਕੋਰਸ ਲਈ) ਯੂਨੀਵਰਸਿਟੀ ਵਿਖੇ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇ। ਇਸ ਤੋਂ ਇਲਾਵਾ ਅੰਡਰ ਗ੍ਰੈਜੂਏਟ ਕਲਾਸਾਂ ਲਈ ਪੰਜਾਹ ਹਜਾਰ ਰੁਪਏ ਪ੍ਰਤੀ ਕੋਰਸ/ਕਲਾਸ ਅਤੇ ਪ੍ਰੋਫੈਸ਼ਨਲ ਤੇ

ਮਾਸਟਰ ਪੱਧਰ ਦੇ ਕੋਰਸਾਂ ਲਈ ਇਕ ਲੱਖ ਰੁਪਏ ਜੁਰਮਾਨੇ ਵਜੋਂ ਵਸੂਲ ਕੀਤੇ ਜਾਣ। ਇਹ ਨਿਰਣਾ ਸੈਸ਼ਨ 2006-07 ਦੇ ਦਾਖਲਿਆਂ ਤੋਂ ਹੀ ਲਾਗੂ ਹੋਵੇਗਾ।"

2. ਉਕਤ ਕੇਸ ਸਬੰਧੀ ਸ੍ਰੀ ਅੰਮ੍ਰਿਤ ਪਾਲ, ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਰਾਏ ਲਈ ਗਈ ਹੈ।

**ਪਾਸ ਹੋਇਆ** ਕਿ ਜੀ.ਐਨ. ਖਾਲਸਾ ਗਰਲਜ਼ ਕਾਲਜ, ਬਾਬਾ ਸੰਗ ਢੇਸੀਆਂ ਨੂੰ ਐਮ.ਐਸ.ਸੀ.(ਕੰਪਿਊਟਰ ਸਾਇੰਸ) ਕਲਾਸ ਸ਼ੁਰੂ ਕਰਨ ਲਈ ਨਿਰੀਖਣ ਕਮੇਟੀ ਵੱਲੋਂ ਲਾਈਆਂ ਗਈਆਂ ਸ਼ਰਤਾਂ ਪੂਰੀਆਂ ਨਾ ਕਰਨ ਕਰਕੇ ਕਾਲਜ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 4.5.2007 ਦੇ ਪੈਰਾ 21 ਦੇ ਅਧਾਰ ਤੇ ਕੀਤੇ ਗਏ ਜੁਰਮਾਨੇ 3,22,217 (ਫੀਸ ਅਤੇ ਫੰਡ) + 1,00,000/- ਰੁਪਏ Penality ਸਬੰਧੀ ਕਾਨੂੰਨੀ ਰਾਏ ਨੂੰ ਮੁੱਖ ਰੱਖਦਿਆਂ ਜੁਰਮਾਨੇ ਦੀ ਕੁਲ ਰਕਮ ਦਾ 25% ਵਸੂਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਪ੍ਰੰਤੂ ਇਸ ਨੂੰ ਪੂਰਵ ਉਦਾਹਰਣ ਵਜੋਂ ਨਹੀਂ ਵਰਤਿਆ ਜਾਵੇਗਾ।

ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ ਵਿਖੇ ਸੈਸ਼ਨ 2010-11 ਤੋਂ ਬੀ.ਸੀ.ਏ. ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।

34. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ ਵਿਖੇ ਸੈਸ਼ਨ 2010-11 ਤੋਂ ਬੀ.ਸੀ.ਏ. ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਬੰਧਤ ਕੋਰਸਾਂ ਦੇ ਅਧਿਆਦੇਸ਼ਾਂ ਦੀ ਪਰਵਾਨਗੀ।

35. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਤੋਂ Credit Based Evaluation System ਅਧੀਨ ਹੇਠ ਲਿਖੇ ਕੋਰਸਾਂ ਦੇ ਅਧਿਆਦੇਸ਼ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ:-

1. Masters Degree in Sports Physiotherapy (Semester System)
2. Masters of Exercise Physiology and Nutrition (Semester System)
3. Masters Degree in Sports Physiotherapy (Honours) (Semester System)
4. Masters in Hospital Administration

ਮਿਊਜ਼ਿਕ ਵਿਭਾਗ ਵਿਖੇ ਵਿਦਿਆਰਥੀਆਂ ਲਈ ਫੀਸ ਅਤੇ ਫੰਡਜ਼ ਨਿਸ਼ਚਿਤ ਕਰਨ ਦੀ ਪਰਵਾਨਗੀ।

36. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਊਜ਼ਿਕ ਵਿਭਾਗ ਵਿਖੇ ਸੈਸ਼ਨ 2010-11 ਤੋਂ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਟਿਊਸ਼ਨ ਫੀਸ ਅਤੇ ਫੰਡਜ਼ **ਅੰਤਿਕਾ** ਅਨੁਸਾਰ ਨਿਸ਼ਚਿਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

37. (ੳ) ਯੂ.ਜੀ.ਸੀ./ਏ.ਆਈ.ਸੀ.ਟੀ.ਈ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ ਸਬੰਧੀ ਹੇਠ ਲਿਖੇ ਕੇਸਾਂ ਵਿਚ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ (**ਅੰਤਿਕਾਵਾਂ** ਅਨੁਸਾਰ) ਉੱਤੇ ਵਿਚਾਰ ਹੋਈ:-

| | |
|---|---|
| 1. Professor, Chemsitry (UGC) | Dr. S.S. Chimni, Reader |
| 2. Professor, Psychology (UGC) | Dr. (Mrs.) Sunita Gupta, Reader |
| 3. Reader, Computer Sc. & Engineering (AICTE) | S. Rajinder Singh, Sr. Lecturer |
| 4. Reader, Business Management, RC, GSP (UGC) | Dr. Rishi Raj Sharma, Sr. Lecturer |
| 5. Reader, Commerce & Business Management (UGC) | Dr. Harmeen Kaur Soch, Sr. Lecturer<br>Dr. Sangeeta Arora, Sr. Lecturer |
| 6. Reader, Chemistry (UGC) | Dr. Palwinder Singh, Sr. Lecturer<br>Dr. Parampal Kaur, Sr. Lecturer |
| 7. Reader, Sports Medicine & Physiotherapy (UGC) | Dr. Shenoy Shweta Devraj, Sr. Lecturer |
| 8. Reader, Applied Chemical Scs. & Technology (AICTE) | Ms. Swapna Mishra, Sr. Lecturer |

**ਪਾਸ ਹੋਇਆ** ਕਿ ਯੂ.ਜੀ.ਸੀ./ਏ.ਆਈ.ਸੀ.ਟੀ.ਈ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠ ਲਿਖੀਆਂ ਅਸਾਮੀਆਂ ਤੇ, ਹਰੇਕ ਅੱਗੇ ਦਰਸਾਏ ਅਨੁਸਾਰ, ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਪ੍ਰਮੋਟ ਕੀਤਾ ਜਾਂਦਾ ਹੈ:-

| | |
|---|---|
| 1. Professor, Chemistry | Dr. Swapandeep Singh Chimni |
| 2. Professor, Psychology | Dr. (Mrs.) Sunita Gupta |
| 3. Reader, Computer Sc. & Engineering (AICTE) | S. Rajinder Singh |
| 4. Reader, Commerce & Business Management (UGC) | Dr. Sangeeta Arora |
| 5. Reader, Chemistry (UGC) | Dr. Palwinder Singh<br>Dr. Parampal Kaur |
| 6. Reader, Sports Medicine & Physiotherapy (UGC) | Dr.(Mrs.) Shenoy Shweta Devraj |

ਇਹ ਵੀ **ਪਾਸ ਹੋਇਆ** ਕਿ ਉਕਤ ਕ੍ਰਮ ਨੰ: 1 ਅਤੇ 2 ਨੂੰ ਯੂ.ਜੀ.ਸੀ. ਦੀ ਪਰਵਾਨਗੀ ਪ੍ਰਾਪਤ ਹੋਣ ਉਪਰੰਤ ਨਿਯੁਕਤੀ ਪੱਤਰ ਜਾਰੀ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ। ਕ੍ਰਮ ਨੰ: 3 ਉੱਤੇ ਸ. ਰਜਿੰਦਰ ਸਿੰਘ

ਨੂੰ ਪ੍ਰਮੋਟ ਹੋਣ ਦੀ ਮਿਤੀ ਤੋਂ ਸੱਤ ਸਾਲਾਂ ਵਿਚ ਪੀ.ਐਚ.ਡੀ. ਡਿਗਰੀ ਪ੍ਰਾਪਤ ਕਰਨੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਉਸ ਦੀ ਵਰਤਮਾਨ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

ਇਹ ਨੋਟ ਕੀਤਾ ਕਿ ਕ੍ਰਮ ਨੰ: 4,5 ਅਤੇ 8 ਉੱਤੇ ਡਾ. ਰਿਸ਼ੀ ਰਾਜ ਸ਼ਰਮਾ, ਡਾ. ਹਰਮੀਨ ਕੌਰ ਸੋਚ ਅਤੇ ਸਵਪਨਾ ਮਿਸ਼ਰਾ ਸਬੰਧੀ ਚੋਣ ਕਮੇਟੀ ਨੇ ਪ੍ਰਮੋਟ ਕਰਨ ਦੀ ਸਿਫਾਰਸ਼ ਨਹੀਂ ਕੀਤੀ।

(ਅ) ਖੁੱਲੀ ਭਰਤੀ ਰਾਹੀਂ ਲੈਕਚਰਾਰਜ਼ ਦੀਆਂ ਹੇਠ ਲਿਖੀਆਂ ਅਸਾਮੀਆਂ ‘ਤੇ ਵਿਚਾਰ ਹੋਈ:-

**<u>Teaching Posts:-</u>**

1. Lecturer, Electronics Technology (for Amritsar)
2. Lecturer, Electronics & Communication (for RC, Jalandhar)
3. Lecturer, Commerce & Business Management (for Amritsar)
4. Lecturer, Business Management (for RC, Gurdaspur)
5. Lecturer, Chemistry
6. Lecturer, Psychology
7. Lecturer, Mathematics
8. Lecturer, Molecular Biology & Biochemistry
9. Lecturer, Sports Medicine & Physiotherapy
10. Lecturer, Journalism & Mass Communication (for RC, Jalandhar)
11. Lecturer, Applied Chemical Sciences & Technology
12. Lecturer, Architecture
13. Lecturer, Guru Nanak Studies

**<u>Non-Teaching Posts:-</u>**

1. Assistant Director (Women)
2. Assistant Director (Field)

ਪਾਸ ਹੋਇਆ ਕਿ ਲੈਕਚਰਾਰਜ਼/ਨਾਨ-ਟੀਚਿੰਗ ਅਸਾਮੀਆਂ ਦੀਆਂ ਹੇਠ ਲਿਖੀਆਂ ਅਸਾਮੀਆਂ ਤੇ, ਹਰੇਕ ਅੱਗੇ ਦਰਸਾਏ ਅਨੁਸਾਰ, ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

**<u>Teaching Posts:-</u>**

| | |
|---|---|
| 1. Lecturer, Electronics Technology (for Amritsar) | Balwinder Raj |
| 2. Lecturer, Electronics & Communication (for RC, Jalandhar) | Himali Sarangal |
| 3. Lecturer, Commerce & Business Management (for Amritsar) | 1.Dr.(Mrs.) Gurpreet Kaur Randhawa<br>2. Dr. Aparna Bhatia<br><br><u>On Waiting List</u><br>Poonam Sharma |

| | |
|---|---|
| 4. Lecturer, Business Management (for RC, Gurdaspur) | Sapna |
| 5. Lecturer, Chemistry | Dr. Ritu Bala (for SC/ST Category) |
| 6. Lecturer, Psychology | Dr. Rupan Dhillon |
| 7. Lecturer, Mathematics | Harpreet Kaur |
| 8. Lecturer, Molecular Biology & Biochemistry | Dr. Srikanta Goswami |
| 9. Lecturer, Sports Medicine & Physiotherapy | Archna Sharma |
| 10. Lecturer, Journalism & Mass Communication (for RC, Jalandhar) | Charan Kamal Walia |
| 11. Lecturer, Applied Chemical Sciences & Technology | Parambir Singh Malhi |
| 12. Lecturer, Architecture | Rawal Aulakh |
| 13. Lecturer, Guru Nanak Studies | Bharatbeer Kaur Sandhu |

**Non-Teaching Posts:-**

| | |
|---|---|
| 1. Assistant Director (Women) (Physical Education) (AT) | Komal Jain |
| 2. Assistant Director (Field) (Physical Education) (AT) | Kanwar Mandeep Singh Dhillon |

(ੲ) ਲੈਕਚਰਾਰ ਦਾ ਸਲੈਕਸ਼ਨ ਗ੍ਰੇਡ ਵਾਲਾ ਕੇਸ:-

1. Sh. Ashwani Kumar, Sr. Lecturer

ਇਹ ਨੋਟ ਕੀਤਾ ਕਿ ਚੋਣ ਕਮੇਟੀ ਨੇ ਸ੍ਰੀ ਅਸ਼ਵਨੀ ਕੁਮਾਰ, ਲੈਕਚਰਾਰ ਕੈਮਿਸਟਰੀ ਨੂੰ ਸਲੈਕਸ਼ਨ ਗ੍ਰੇਡ ਦੇਣ ਦੀ ਸਿਫਾਰਸ਼ ਨਹੀਂ ਕੀਤੀ।

(ਸ) ਲੈਕਚਰਾਰਜ਼ ਦੇ ਸੀਨੀਅਰ ਸਕੇਲ ਵਾਲੇ ਹੇਠ ਲਿਖੇ ਕੇਸਾ ਤੇ ਵਿਚਾਰ ਹੋਈ:-

1. Mr. Shashi Bhushan Rana, Lecturer, Electronics & Communication, RC, Gurdaspur.
2. Miss Anu Sheetal, Lecturer, Electronics & Communication, RC, Gurdaspur.
3. Miss Deep Kamal Kaur Randhawa, Lecturer, Electronics & Communication Engineering, RC, Jalandhar.
4. Miss Shalini Behl, Lecturer, Electronics Technology, Amritsar.
5. Miss Amardeep Kaur Ahluwalia, Lecturer, Business Management, RC, Gurdaspur
6. Sh. Sanjeev Arora, Lecturer, Business Management, GNDU College, Jalandhar.

**ਪਾਸ ਹੋਇਆ** ਕਿ ਹੇਠ ਲਿਖੇ ਵਿਅਕਤੀਆਂ ਨੂੰ ਯੋਗ ਹੋਣ ਦੀ ਮਿਤੀ ਤੋਂ ਲੈਕਚਰਾਰਜ਼ ਦਾ ਸੀਨੀਅਰ ਸਕੇਲ ਦਿੱਤਾ ਜਾਂਦਾ ਹੈ:-

1. Shashi Bhushan Rana,
   Lecturer, Electronics & Communication Engineering,
   RC, Gurdaspur
2. Anu Sheetal
   Lecturer, Electronics & Communication Engineering,
   RC, Gurdaspur
3. Deep Kamal Kaur Randhawa
   Lecturer, Electronics & Communication Engineering,
   RC, Jalandhar
4. Shalini Behal
   Lecturer, Electronics Technology, Amritsar
5. Amardeep Kaur Ahluwalia
   Lecturer, Business Management, RC, Gurdaspur
6. Sanjeev Arora
   Lecturer, Business Management, GNDU College, Jalandhar.

ਐਮ.ਟੈਕ. (ਇਨਫ੍ਰਾਸਟਰਕਚਰ ਪਲੈਨਿੰਗ) ਦਾ ਨਾਮ ਤਬਦੀਲ ਕਰਨ ਦੀ ਪਰਵਾਨਗੀ।

38. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ óZ' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਐਮ.ਟੈਕ. (ਇਨਫ੍ਰਾਸਟਰਕਚਰ ਪਲੈਨਿੰਗ) ਕੋਰਸ ਦਾ ਨਾਮ ਮਾਸਟਰ ਇਨ ਪਲਾਨਿੰਗ (ਇਨਫ੍ਰਾਸਟਰਕਚਰ) ਰੱਖਿਆ ਜਾਵੇ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- ਸਿੰਡੀਕੇਟ ਦੀ ਇੱਕਤਰਤਾ ਮਿਤੀ 7.10.2009 ਦੇ ਪੈਰਾ 37 ਰਾਹੀਂ ਮਾਸਟਰ ਇਨ ਪਲੈਨਿੰਗ (ਇਨਫ੍ਰਾਸਟਰਕਚਰ) ਕੋਰਸ ਦਾ ਨਾਮ ਐਮ.ਟੈਕ. (ਇਨਫ੍ਰਾਸਟਰਕਚਰ ਪਲੈਨਿੰਗ) ਤਬਦੀਲ ਕੀਤਾ ਗਿਆ ਸੀ। ਯੂ.ਜੀ.ਸੀ. ਦੇ ਪੱਤਰ ਨੰ: F.14-13/2008(Inno./ASIST) ਮਿਤੀ 9.3.2010 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ UGC Guidlines ਅਨੁਸਾਰ ਮਾਸਟਰ ਇਨ ਪਲੈਨਿੰਗ (ਇਨਫ੍ਰਾਸਟਰਕਚਰ) ਕੋਰਸ ਦੇ ਨਾਮ ਦੀ ਤਬਦੀਲੀ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

**ਪਾਸ ਹੋਇਆ** ਕਿ ਐਮ.ਟੈਕ. (ਇਨਫ੍ਰਾਸਟਰਕਚਰ ਪਲੈਨਿੰਗ) ਕੋਰਸ ਦਾ ਨਾਮ ਮਾਸਟਰ ਇਨ ਪਲਾਨਿੰਗ (ਇਨਫ੍ਰਾਸਟਰਕਚਰ) ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸ਼ੂਟਿੰਗ ਕੋਚ ਦੀ ਨਿਯੁਕਤੀ ਦੀ ਪਰਵਾਨਗੀ।

39. ਇਸ ਯੂਨੀਵਰਸਿਟੀ ਵਿਖੇ ਸ਼ੂਟਿੰਗ ਕੋਚ ਦੀ ਅਸਾਮੀ ਲਈ ਸ੍ਰੀਮਤੀ ਰਾਜਵਿੰਦਰ ਕੌਰ ਪੁੱਤਰੀ ਸ. ਲਛਮਨ ਸਿੰਘ, ਮੁਕਤਸਰ ਜੋ ਨੈਸ਼ਨਲ ਚੈਂਪਿਅਨ ਹੈ, ਨੂੰ ਉਕਤ ਅਸਾਮੀ ਉੱਤੇ ਨਿਯੁਕਤ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਸ਼ੂਟਿੰਗ ਕੋਚ ਦੀ ਅਸਾਮੀ ਲਈ ਸ੍ਰੀਮਤੀ ਰਾਜਵਿੰਦਰ ਕੌਰ ਪੁੱਤਰੀ ਸ. ਲਛਮਨ ਸਿੰਘ, ਮੁਕਤਸਰ ਜੋ ਨੈਸ਼ਨਲ ਚੈਂਪਿਅਨ ਹੈ, ਨੂੰ ਉਕਤ ਅਸਾਮੀ ਉੱਤੇ 11 ਮਹੀਨੇ ਲਈ 14000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਨਿਯੁਕਤ ਕੀਤਾ ਜਾਂਦਾ ਹੈ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

40. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

ਪਾਸ ਹੋਇਆ ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਮੀਨੂੰ | Dynamics of Indiaøs Imports. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |
| 2. | ਮੀਨੂੰ ਸੋਨੀ | Working of Finance Commissions in India. | - ਉਹੀ - |
| 3. | ਨਿਤਿਨ ਅਰੋੜਾ | Technical Efficiency, Capacity Utilization and Total Factor Productivity Growth in Indian Sugar Industry. | - ਉਹੀ - |
| 4. | ਸੁਖਮਨੀ | Effectiveness of Television Advertisements for Fast Moving Consumer Goods: A Study of Rural Market. | ਬਿਜ਼ਨੈਸ ਐਡਮਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |
| 5. | ਵਿਜੇ ਲਕਸ਼ਮੀ ਸੈਨੀ | Photoresponsive Molecular Chemosensors and Chemionics Based on (Hetero) ï Aromatics. | ਕੈਮਿਸਟਰੀ- ਸਾਇੰਸਜ਼ ਫੈਕਲਟੀ |
| 6. | ਵਿਭਾ ਮਦਾਨ | Effect of Different Types of Feedback on Teaching Competence of Student Teachers. | ਐਜੂਕੇਸ਼ਨ- ਐਜੂਕੇਸ਼ਨ ਫ਼ੈਕਲਟੀ। |

ਏਜੰਡਾ ਖਤਮ ਹੋਣ ਉਪਰੰਤ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਸਮੂਹ ਮੈਂਬਰ ਸਾਹਿਬਾਨ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਉਨ੍ਹਾਂ ਨੂੰ ਦਿੱਤੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

<u>ਪੱਕੀ ਕੀਤੀ ਗਈ</u>

ਸਹੀ/-

(ਏ.ਐਸ. ਬਰਾੜ)
ਵਾਈਸ-ਚਾਂਸਲਰ